ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162




## ਕੈਨੇਡਾ ਦੇ ਬਰੈਪਟਨ ਸਿਟੀ ਵਿਚ ਚੇਤਨਾ ਪ੍ਰਕਾਸ਼ਨ ਵੱਲੋਂ ਵਿਸ਼ਵ ਪੰਜਾਬੀ ਸਭਾ ਦੇ ਸਾਥ ਨਾਲ ਪੰਜਾਬੀ ਪੁਸਤਕਾਂ ਦਾ ਪੰਦਰਾਂ ਰੋਜ਼ਾ ਮੇਲਾ ਸ਼ੁਰੂ

### ਉਦਘਾਟਨ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਕੀਤਾ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 13 ਸਤੰਬਰ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਦੇ ਸਹਿਯੋਗੀ ਅਦਾਰੇ ਗੁਲਾਟੀ ਪਬਲਿਸ਼ਰਜ਼ ਵੱਲੋਂ ਵਿਸ਼ਵ ਪੰਜਾਬੀ ਭਵਨ ਬਰੈਪਟਨ(ਕੈਨੇਡਾ) ਵਿਖੇ ਵਿਸ਼ਵ ਪੰਜਾਬੀ ਸਭਾ ਦੇ ਸਹਿਯੋਗ ਨਾਲ ਪੰਦਰਾਂ ਰੋਜ਼ਾ ਵਿਸ਼ਾਲ ਪੁਸਤਕ ਮੇਲਾ ਲਗਾਇਆ ਗਿਆ ਹੈ, ਜਿਸ ਦਾ ਉਦਘਾਟਨ ਵਿਸ਼ਵ ਪੰਜਾਬੀ ਸਭਾ ਦੇ ਆਲਮੀ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਕੀਤਾ। ਪ੍ਰਦਰਸ਼ਨੀ ਦੇ ਮੁੱਖ ਪ੍ਰਬੰਧਕ ਸਤੀਸ਼ ਗੁਲਾਟੀ ਨੇ ਦੱਸਿਆ ਕਿ ਇਸ ਪ੍ਰਦਰਸ਼ਨੀ ਵਿਚ ਪੰਜ ਸੌ ਨਵੇਂ ਟਾਈਟਲ ਸ਼ਾਮਲ ਕੀਤੇ ਗਏ ਹਨ। ਪ੍ਰਦਰਸ਼ਨੀ ਦੇ ਉਦਘਾਟਨ ਮੌਕੇ ਬਰੈਂਪਟਨ ਕੈਨੇਡਾ ਵਸਦੇ ਪੰਜਾਬੀਆਂ ਨੇ ਭਾਰੀ ਉਤਸ਼ਾਹ ਦਿਖਾਇਆ ਅਤੇ ਕਿਤਾਬਾਂ ਖਰੀਦਣ ਵਿਚ ਪਹਿਲ ਕੀਤੀ। ਇਸ ਮੌਕੇ ਪੰਜਾਬੀ ਲੇਖਕ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਕਿਹਾ ਕਿ ਕਿਤਾਬਾਂ ਹੀ ਮਹਾਨ ਮਨੁੱਖੀ ਗਿਆਨ ਮਈ ਤਰੰਗਾਂ ਨੂੰ ਸ਼ਬਦਾਂ ਵਿਚ ਉਕਰ ਕੇ ਸਾਡੇ ਸਮਾਜ ਅੱਗੇ ਪੜਨ




ਲਈ ਪਰੋਸਦੀਆਂ ਹਨ।
ਗੁਰਦਾਸਪੁਰ ਤੋਂ ਕੈਨੇਡਾ ਗਏ ਪੰਜਾਬੀ ਕਵੀ ਮੱਖਣ ਕੋਹਾੜ ਨੇ ਕਿਹਾ ਕਿ ਚੇਤਨਾ ਪ੍ਰਕਾਸ਼ਨ ਦੇ ਮਾਲਕ ਸ਼ਤੀਸ਼ ਗੁਲਾਟੀ ਵਧਾਈ ਦੇ ਪਾਤਰ ਹਨ ਜੋ ਹਰ ਸਾਲ ਪੰਜਾਬ ਤੋ ਇੱਥੇ ਪਹੁੰਚ ਕੇ ਪ੍ਰਦਰਸ਼ਨੀ ਲਗਾਉਂਦੇ ਹਨ ਅਤੇ ਪੰਜਾਬੀਆਂ ਦੇ ਗਿਆਨ ਦਾ ਦਾਇਰਾ ਵਧਾਉਣ ਵਿੱਚ ਯੋਗਦਾਨ ਪਾਉਂਦੇ ਹਨ।
ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ ਦਲਬੀਰ ਸਿੰਘ ਕਥੂਰੀਆ ਨੇ ਉਦਘਾਟਨ ਕਰਨ ਉਪਰੰਤ ਕਿਹਾ ਕਿ ਕੈਨੇਡਾ ਵਿੱਚ ਪੁਸਤਕ ਮੇਲੇ ਲੱਗਣੇ ਇਸ ਲਈ ਵੀ ਜ਼ਰੂਰੀ ਹਨ ਕਿ ਪੰਜਾਬੀਆਂ ਨੂੰ ਭਾਸ਼ਾ ਤੇ ਵਿਰਾਸਤ ਨਾਲ ਜੋੜ ਕੇ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਸਾਹਮਣੇ ਅਸੀਂ ਮੰਗ ਉਠਾ ਰਹੇ ਹਾਂ ਕਿ ਸਕੂਲਾਂ ਵਿੱਚ ਪੰਜਾਬੀ ਪੜਾਏ ਜਾਣ ਦੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਦਾ ਸੁਝਾਅ ਪ੍ਰਵਾਨ ਕਰਦਿਆਂ ਇਸ ਪੁਸਤਕ ਮੇਲੇ ਨੂੰ ਸਭਾ ਦੇ ਸਾਲਾਨਾ ਕੈਲੰਡਰ ਵਿੱਚ ਸ਼ਾਮਲ ਕੀਤਾ ਜਾਵੇਗਾ।
ਇਸ ਮੌਕੇ ਉੱਘੇ ਨਾਟਕਕਾਰ ਬਲਜਿੰਦਰ ਲੇਲਣਾ ਅਤੇ ਵਿਸ਼ਵ ਪੰਜਾਬੀ ਸਭਾ ਦੇ ਭਾਰਤੀ ਚੈਪਟਰ ਦੀ ਪ੍ਰਧਾਨ ਬਲਵੀਰ ਕੌਰ ਰਾਏਕੋਟੀ ਨੇ ਕਿਹਾ ਕਿ ਕਿਤਾਬਾਂ ਸਾਡੀ ਸਭਿਆਚਾਰਕ ਪਛਾਣ ਨੂੰ ਕਾਇਮ ਰੱਖਣ ਵਿੱਚ ਸਹਾਈ ਹਨ ਅਤੇ ਹਰ ਪੰਜਾਬੀ ਆਪਣੇ ਘਰ ਵਿੱਚ ਲਾਇਬ੍ਰੇਰੀ ਬਣਾਉਣੀ ਚਾਹੀਦੀ ਹੈ।
ਇਸ ਮੌਕੇ ਪਾਕਿਸਤਾਨ ਤੋਂ ਆਈ ਕਵਿੱਤਰੀ ਤਾਹਿਰਾ ਸਰਾ, ਲੋਕ ਗਾਇਕ ਹਸਨੈਨ ਅਕਬਰ (ਬਾਬਾ ਗਰੁੱਪ) ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਤੀਨਿਧ ਲੇਖਕ ਮੱਖਣ ਕੋਹਾੜ ਗੁਰਦਾਸਪੁਰ, ਡਾ. ਦਰਸ਼ਨਦੀਪ ,ਸਰਬਜੀਤ ਕੌਰ, ਰਾਜਿੰਦਰ ਸਿੰਘ ,ਨਾਟਕਕਾਰ ਨਾਹਰ ਸਿੰਘ ਔਜਲਾ, ਡਾ. ਪ੍ਰਗਟ ਸਿੰਘ, ਬੱਗਾ ,ਹੀਰਾ ਸਿੰਘ ਰੰਧਾਵਾ, ਜਸਵਿੰਦਰ ਸਿੰਘ ਬਿੱਟਾ, ਸਤਿਬੀਰ ਸਿੰਘ ਸਿੱਧੂ, ਹੰਸਪਾਲ ਸਰਬਜੀਤ ਕੌਰ ਕੋਹਲੀ, ਪਰਮਜੀਤ ਸਿੰਘ ਵਿਰਦੀ ਆਦਿ ਨੇ ਕਿਤਾਬਾਂ ਬਾਰੇ ਵਿਚਾਰ ਸਾਂਝੇ ਕੀਤੇ। ਪੁਸਤਕ ਮੇਲੇ ਦੇ
ਮੁੱਖ ਪ੍ਰਬੰਧਕ ਤੇ ਪੰਜਾਬੀ ਕਵੀ ਸ਼ਤੀਸ਼ ਗੁਲਾਟੀ ਨੇ ਵਿਸ਼ਵ ਪੰਜਾਬੀ ਸਭਾ ਦੇ ਸਹਿਯੋਗ ਅਤੇ ਵਿਸ਼ਵ ਪੰਜਾਬੀ ਭਵਨ ਦੀ ਵਰਤੋਂ ਲਈ ਡਾ. ਕਥੂਰੀਆ ਜੀ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਇਸ ਪੁਸਤਕ ਮੇਲਾ ਵਿੱਚ ਲਗ ਪਗ ਤਿੰਨ ਸੌ ਲੇਖਕਾਂ ਦੀਆਂ ਪੁਸਤਕਾਂ ਸ਼ਾਮਲ ਹਨ।

## ਮੇਰਾ ਸਕੂਲ ਵੈਲਫੇਅਰ ਸੋਸਾਇਟੀ ਦੰਦਰਾਲਾ ਢੀਂਡਸਾ ਵੱਲੋਂ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼




ਢੀਂਡਸਾ 13 ਸਤੰਬਰ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੰਦਰਾਲਾ ਢੀਂਡਸਾ ਵਿਖੇ ਅਧਿਆਪਕ ਦਿਵਸ ਦੇ ਸੰਬੰਧ ਵਿੱਚ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਇਹ ਪ੍ਰੋਗਰਾਮ ਮੇਰਾ ਸਕੂਲ ਵੈਲਫੇਅਰ ਸੋਸਾਇਟੀ ਵੱਲੋਂ ਉਲੀਕਿਆ ਗਿਆ।ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ੍ਰੀ ਸ਼ਲਿੰਦਰ ਸ਼ਰਮਾ ਜੀ ਅਸਿਸਟੈਂਟ ਡਾਇਰੈਕਟਰ ਸਕੂਲ ਸਿੱਖਿਆ ਵਿਭਾਗ ਪੰਜਾਬ ਸਨ। ਇਸ ਮੌਕੇ ਸਕੂਲ ਤੋਂ ਰਿਟਾਇਰ ਹੋ ਚੁੱਕੇ ਅਧਿਆਪਕਾਂ ਨੇ ਵੀ ਆਪਣੀ ਹਾਜ਼ਰੀ ਲਗਵਾਈ। ਜਿਨਾਂ ਵਿੱਚ ਸ੍ਰੀਮਤੀ ਸਰਲਾ ਰਾਣੀ ਰਿਟਾਇਡ ਡੀਡੀਓ,ਸ: ਬਲਜੀਤ ਸਿੰਘ ਲੈਕ:ਇਕਨਾਮਿਕਸ,ਮੈਡਮ ਸੁਖਵਿੰਦਰ ਕੌਰ ਲੈਕ: ਹਿਸਟਰੀ, ਸ:ਕਰਮਜੀਤ ਸਿੰਘ ਆਰਟ ਐਂਡ ਕਰਾਫਟ ਟੀਚਰ ਹਾਜ਼ਰ ਸਨ।ਮੇਰਾ ਸਕੂਲ ਵੈਲਫੇਅਰ ਸੋਸਾਇਟੀ ਦੇ ਅਹੁਦੇਦਾਰ ਸ:ਮੇਜਰ ਸਿੰਘ ਢੀਂਡਸਾ,ਸ: ਰਣਜੀਤ ਸਿੰਘ ਢੀਂਡਸਾ ਸਾਬਕਾ ਸਰਪੰਚ, ਸ:ਅਵਤਾਰ ਸਿੰਘ ਢੀਂਡਸਾ,ਸ:ਸੁਖਚੈਨ ਸਿੰਘ ਢੀਂਡਸਾ, ਸ੍ਰੀਮਤੀ ਮਨਜਿੰਦਰ ਕੌਰ, ਮਾਸਟਰ ਧਰਮ ਸਿੰਘ ਬਿਰਧਨੋ,ਸ: ਹਰਬੰਸ ਸਿੰਘ ਰਿਟਾਇਰਡ ਜੇ.ਈ., ਮਾਸਟਰ ਧਰਮਪਾਲ ਜੀ ਹਾਜ਼ਰ ਸਨ। ਮੇਰਾ ਸਕੂਲ ਵੈਲਫੇਅਰ ਸੋਸਾਇਟੀ ਅਤੇ ਦੰਦਰਾਲਾ ਢੀਂਡਸਾ ਸਕੂਲ ਦੇ ਸਮੂਹ ਸਟਾਫ਼ ਵੱਲੋਂ ਸ੍ਰੀ ਸ਼ਲਿੰਦਰ ਸ਼ਰਮਾ ਅਸਿਸਟੈਂਟ ਡਾਇਰੈਕਟਰ ਸਕੂਲ ਸਿੱਖਿਆ ਵਿਭਾਗ ਪੰਜਾਬ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਕੂਲ ਤੋਂ ਰਿਟਾਇਰਡ ਹੋਏ ਅਧਿਆਪਕਾਂ ਅਤੇ ਸਕੂਲ ਦੇ ਮੌਜੂਦਾ ਸਟਾਫ਼ ਨੂੰ ਵੀ ਇਸ ਮੌਕੇ ਸਨਮਾਨਿਤ ਕੀਤਾ ਗਿਆ। ਮੇਰਾ ਸਕੂਲ ਵੈਲਫੇਅਰ ਸੋਸਾਇਟੀ ਦੇ ਮੈਂਬਰਾਂ ਵੱਲੋਂ ਸਕੂਲ ਨੂੰ ਸਹਾਇਤਾ ਰਾਸ਼ੀ ਵੀ ਦਿੱਤੀ ਗਈ ਜਿਸ ਲਈ ਸਕੂਲ ਵੱਲੋਂ ਸੁਸਾਇਟੀ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।ਸ੍ਰੀ ਸ਼ਲਿੰਦਰ ਸ਼ਰਮਾ ਜੀ ਵੱਲੋਂ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਅਧਿਆਪਕਾਂ ਦਾ ਸਤਿਕਾਰ ਕਰਨ, ਮਿਹਨਤ ਕਰਨ ਅਤੇ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਮੰਨਦੇ ਹੋਏ ਹਰ ਕੰਮ ਨੂੰ ਨੇਪਰੇ ਚਾੜ੍ਹਨ ਲਈ ਪ੍ਰੇਰਿਤ ਕੀਤਾ ਗਿਆ। ਉਨਾਂ ਵੱਲੋਂ ਮੇਰਾ ਸਕੂਲ ਵੈਲਫੇਅਰ ਸੋਸਾਇਟੀ ਵੱਲੋਂ ਸਕੂਲ ਦੇ ਵਿਕਾਸ ਵਿੱਚ ਪਾਏ ਜਾ ਰਹੇ ਯੋਗਦਾਨ ਲਈ ਅਤੇ ਸਕੂਲ ਨੂੰ ਵਧੀਆ ਤਰੀਕੇ ਨਾਲ ਮੈਨੇਜ ਕਰਨ ਲਈ ਸਕੂਲ ਇੰਚਾਰਜ ਅਤੇ ਸਮੂਹ ਸਟਾਫ਼ ਦੀ ਸ਼ਲਾਘਾ ਕੀਤੀ ਗਈ। ਅੰਤ ਵਿੱਚ ਸਕੂਲ ਇੰਚਾਰਜ ਸ੍ਰੀਮਤੀ ਦਲਜੀਤ ਕੌਰ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਸਟੇਜ ਸੰਚਾਲਨ ਦੀ ਭੂਮਿਕਾ ਸ੍ਰੀ ਦਿਨੇਸ਼ ਕੁਮਾਰ ਲੈਕ: ਕਾਮਰਸ ਵੱਲੋਂ ਬਾਖੂਬੀ ਨਿਭਾਈ ਗਈ।

## ਹੜ੍ਹਾਂ ਦਾ ਪਾਣੀ...

ਹੜ੍ਹਾਂ ਦਾ ਪਾਣੀ ਕਹਿਰ ਬਣਦਾ ਜਾ ਰਿਹਾ
ਹਰ ਪਾਸੇ ਪੰਜਾਬ 'ਚ ਤਬਾਹੀ ਮਚਾ ਰਿਹਾ
ਕਿੱਧਰੇ ਖੇਤਾਂ ਵਿੱਚ ਫ਼ਸਲਾਂ ਨੂੰ ਡੁੱਬਾ ਰਿਹਾ
ਕਿੱਧਰੇ ਕੱਚੇ ਪੱਕੇ ਘਰਾਂ ਨੂੰ ਹੈ ਢਾਅ ਰਿਹਾ

ਮੱਝਾਂ-ਗਾਵਾਂ ਨੂੰ ਆਪਣੇ ਨਾਲ ਵਹਾ ਰਿਹਾ
ਮਨੁੱਖਾਂ ਤੇ ਜਾਨਵਰਾਂ ਨੂੰ ਲਾਸ਼ਾਂ ਬਣਾ ਰਿਹਾ
ਗਲੀਆਂ ਸੜਕਾਂ ਵਿੱਚ ਸੁੰਨਸਾਨ ਛਾ ਰਿਹਾ
ਭਿਆਨਕ ਜਿਹਾ ਮੰਜ਼ਰ ਨਜ਼ਰੀਂ ਆ ਰਿਹਾ

ਬੇ-ਘਰਾਂ ਨੂੰ ਮੁਸੀਬਤਾਂ ਦਾ ਡਰ ਸਤਾ ਰਿਹਾ
ਕਿੱਥੇ ਜਾਣਾ? ਫ਼ਿਕਰ ਵੱਢ-ਵੱਢ ਖਾ ਰਿਹਾ
ਅੰਬਰੋਂ ਬੱਦਲ ਲਗਾਤਾਰ ਮੀਂਹ ਵਰ੍ਹਾ ਰਿਹਾ
ਅੱਖੀਆਂ ਵਿੱਚੋਂ ਪਾਣੀ ਵੀ ਸੁੱਕਦਾ ਜਾ ਰਿਹਾ

ਹਰੇਕ ਦੁੱਖ ਦੀ ਘੜੀ 'ਚ ਸਾਥ ਨਿਭਾ ਰਿਹਾ
ਰੱਬ ਹੀ ਪੰਜਾਬੀਆਂ ਨੂੰ ਹੌਂਸਲਾ ਦਿਖਾ ਰਿਹਾ
ਤਾਂ ਹੀ ਥਾਂ-ਥਾਂ ਤੇ ਲੰਗਰ ਲਾਇਆ ਜਾ ਰਿਹਾ
'ਇੰਦਰ' ਕਵਿਤਾ ਰਾਹੀਂ ਹਾਲਾਤ ਸਮਝਾ ਰਿਹਾ



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਬੀਰ ਇੰਦਰ

## ਲੇਖਕ ਮੰਚ ਸਮਰਾਲਾ ਵੱਲੋਂ ਗ਼ਜ਼ਲ ਸੰਗ੍ਰਹਿ 'ਦਰਿਆਵਾਂ ਦੇ ਵਹਿਣ' ਦਾ ਲੋਕ ਅਰਪਣ 14 ਸਤੰਬਰ ਨੂੰ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ

ਮਾਛੀਵਾੜਾ ਸਾਹਿਬ-ਸਮਰਾਲਾ 13 ਸਤੰਬਰ : ਲੇਖਕ ਮੰਚ (ਰਜਿ:) ਸਮਰਾਲਾ ਵੱਲੋਂ 14 ਸਤੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸਥਾਨਕ ਕਿੰਡਰ ਗਾਰਟਨ ਸੀਨੀ: ਸੈਕੰ: ਸਕੂਲ ਵਿਖੇ ਇੱਕ ਸਮਾਗਮ ਦੌਰਾਨ ਮਾਸਟਰ ਬਲਕਾਰ ਸਿੰਘ ਦਾ ਪਹਿਲਾ ਗ਼ਜ਼ਲ ਸੰਗ੍ਰਹਿ 'ਦਰਿਆਵਾਂ ਦੇ ਵਹਿਣ' ਲੋਕ ਅਰਪਣ ਕੀਤਾ ਜਾ ਰਿਹਾ ਹੈ।
ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੰਚ ਦੇ ਸਰਪ੍ਰਸਤ ਪ੍ਰਿੰਸੀਪਲ (ਡਾ.) ਪਰਮਿੰਦਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰ ਰਹੇ ਹਨ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਗ਼ਜ਼ਲਗੋ ਐਸ .ਨਸੀਮ ਕਰਨਗੇ ਅਤੇ ਇਸ ਗ਼ਜ਼ਲ ਸੰਗ੍ਰਹਿ ਉੱਤੇ ਵਿਚਾਰ ਚਰਚਾ ਕਰਨ ਲਈ ਗ਼ਜ਼ਲਗੋ ਅਮਰਿੰਦਰ ਸਿੰਘ ਸੋਹਲ ਅਤੇ ਨਿਰੰਜਨ ਸੂਖਮ ਵਿਸ਼ੇਸ਼ ਤੌਰ ਤੇ ਪੁੱਜ ਰਹੇ। ਇਸ ਤੋਂ ਇਲਾਵਾ ਹੋਰ ਸਾਹਿਤਕਾਰ ਵੀ ਇਸ ਪੁਸਤਕ ਤੇ ਚਰਚਾ ਕਰਨਗੇ। ਇਸ ਉਪਰੰਤ ਹਾਜ਼ਰੀਨ ਲੇਖਕ, ਕਵੀ ਆਪਣੀ ਰਚਨਾਵਾਂ ਵੀ ਸਾਂਝੀਆਂ ਕਰਨਗੇ। ਡਾ. ਬੈਨੀਪਾਲ ਨੇ ਸਮਰਾਲਾ ਇਲਾਕੇ ਦੀਆਂ ਸਮੂਹ ਸਾਹਿਤਕ ਸੰਸਥਾਵਾਂ ਅਤੇ ਸਾਹਿਤਕ ਮੱਸ ਰੱਖਣ ਵਾਲੇ ਸਰੋਤਿਆਂ ਨੂੰ ਇਸ ਸਮਾਗਮ ਵਿੱਚ ਪੁੱਜਣ ਦੀ ਅਪੀਲ ਕੀਤੀ।

## ਕਿਸੇ ਵੀ ਜੋਤਸ਼ੀ ਨੇ ਨਹੀਂ ਕੀਤੀ ਉੱਤਰੀ ਭਾਰਤ ਵਿੱਚ ਹੜ੍ਹਾਂ ਦੀ ਭਵਿੱਖ ਬਾਣੀ

### ਪਾਖੰਡੀ ਸਾਧਾਂ, ਯੋਗੀਆਂ, ਜੋਤਸ਼ੀਆਂ ਤੋਂ ਬਚਣ ਦੀ ਕੀਤੀ ਅਪੀਲ

ਸੰਗਰੂਰ 13 ਸਤੰਬਰ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਨੇ ਉੱਤਰੀ ਭਾਰਤ ਦੇ ਸੂਬਿਆਂ ਵਿੱਚ ਹੋਈ ਹੜ੍ਹਾਂ ਦੀ ਤਬਾਹੀ ਬਾਰੇ ਕਿਸੇ ਵੀ ਜੋਤਸ਼ੀ ਵੱਲੋਂ ਇਸ ਕੁਦਰਤੀ ਅਤੇ ਗ਼ੈਰ ਕੁਦਰਤੀ ਆਫ਼ਤ ਬਾਰੇ ਕਦੇ ਕੋਈ ਵੀ ਭਵਿਖਬਾਣੀ ਨਾ ਕਰਨ ਦਾ ਪਰਦਾਫਾਸ਼ ਕਰਦਿਆਂ ਲੋਕਾਂ ਨੂੰ ਇਨ੍ਹਾਂ ਢੋਂਗੀ ਬਾਬਿਆਂ, ਪ੍ਰਚਾਰਕਾਂ ਅਤੇ ਜੋਤਸ਼ੀਆਂ ਦੇ ਝਾਂਸਿਆਂ ਤੋਂ ਬਚਣ ਦੀ ਜ਼ੋਰਦਾਰ ਅਪੀਲ ਕੀਤੀ ਹੈ।
ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮ ਵੇਦ, ਸੁਰਿੰਦਰ ਪਾਲ ਉਪਲੀ, ਗੁਰਦੀਪ ਸਿੰਘ ਲਹਿਰਾ, ਪ੍ਰਗਟ ਸਿੰਘ ਬਾਲੀਆਂ, ਸੀਤਾ ਰਾਮ ਬਾਲਦ ਕਲਾਂ ,ਲੈਕਚਰਾਰ ਕ੍ਰਿਸ਼ਨ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਭੋਲੇ ਭਾਲੇ ਲੋਕਾਂ ਦੀ ਹੱਕ ਹਲਾਲ ਦੀ ਕਮਾਈ ਉੱਤੇ ਐਸ਼ੋ ਅਰਾਮ ਕਰਨ ਵਾਲੇ ਮੁਨਾਫ਼ਾਖੋਰ ਬਾਬੇ ਅਤੇ ਯੋਗੀ ਅੰਨੀ ਧਾਰਮਿਕ ਆਸਥਾ ਰਾਹੀਂ ਭੋਲੇ ਭਾਲੇ ਲੋਕਾਂ ਨੂੰ ਅਖੌਤੀ ਅਗਲੇ ਪਿਛਲੇ ਜਨਮ, ਸਵਰਗ ਨਰਕ ਅਤੇ ਕਰਾਮਾਤਾਂ ਦੇ ਝੂਠੇ ਸਬਜ਼ਬਾਗ ਵਿਖਾ ਕੇ ਉਨ੍ਹਾਂ ਤੋਂ ਕਰੋੜਾਂ ਰੁਪਏ ਦੀ ਕਮਾਈ ਕਰਦੇ ਆ ਰਹੇ ਹਨ ਪਰ ਉਨ੍ਹਾਂ ਨੇ ਪੰਜਾਬ,ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਉਤਰਾਖੰਡ, ਹਰਿਆਣਾ ਸੂਬਿਆਂ ਦੇ ਇਲਾਕਿਆਂ ਵਿੱਚ ਮੌਜੂਦਾ ਹੜ੍ਹਾਂ ਦੌਰਾਨ ਜਾਨੀ ਅਤੇ ਮਾਲੀ ਨੁਕਸਾਨ ਨਾਲ ਬਰਬਾਦ ਹੋਏ ਲੱਖਾਂ ਆਮ ਲੋਕਾਂ ਅਤੇ ਖਾਸ ਕਰਕੇ ਆਪਣੇ ਹੀ ਪੈਰੋਕਾਰਾਂ ਦੀ ਕੋਈ ਵਿੱਤੀ ਮਦਦ ਜਾਂ ਆਪਣੇ ਸਾਧਨਾਂ ਰਾਹੀਂ ਮੌਕੇ ਤੇ ਸੇਵਾ ਕਰਨ ਤੋਂ ਬਿਲਕੁੱਲ ਟਾਲਾ ਵੱਟਿਆ ਹੈ ਜਦਕਿ ਤਰਕਸ਼ੀਲ ਸੁਸਾਇਟੀ ਪੰਜਾਬ ਆਪਣੇ ਤੌਰ ਤੇ ਵੱਖ ਵੱਖ ਜਿਲ੍ਹਿਆਂ ਵਿੱਚ ਹੜ੍ਹ ਪੀੜਤਾਂ ਦੀ ਮਦਦ ਕਰਨ ਦੇ ਲਗਾਤਾਰ ਯਤਨ ਕਰ ਰਹੀ ਹੈ।
ਤਰਕਸੀਲ ਆਗੂਆਂ ਸੁਖਦੇਵ ਸਿੰਘ ਕਿਸ਼ਨਗੜ੍ਹ, ਮਾਸਟਰ ਕਰਤਾਰ ਸਿੰਘ, ਗੁਰਜੰਟ ਸਿੰਘ, ਲੈਕਚਰਾਰ ਜਸਦੇਵ ਸਿੰਘ ਨੇ ਆਮ ਲੋਕਾਈ ਨੂੰ ਜ਼ਿੰਦਗੀ ਵਿੱਚ ਵਿਗਿਆਨਕ ਸੋਚ ਅਤੇ ਇਨਸਾਨੀਅਤ ਅਪਣਾਉਣ ਦਾ ਸੁਨੇਹਾ ਦਿੰਦਿਆਂ ਸੁਚੇਤ ਕੀਤਾ ਕਿ ਭਾਰਤ ਸਮੇਤ ਦੁਨੀਆਂ ਦੇ ਕਿਸੇ ਵੀ ਜੋਤਸ਼ੀ ਜਾਂ ਕਥਿਤ ਦੈਵੀ ਸ਼ਕਤੀ ਦੇ ਦਾਅਵੇਦਾਰ ਬਾਬੇ ਨੇ ਉੱਤਰੀ ਭਾਰਤ ਵਿੱਚ ਆਏ ਮੌਜੂਦਾ ਹੜ੍ਹਾਂ ਅਤੇ ਅਫ਼ਗ਼ਾਨਿਸਤਾਨ ਵਿੱਚ ਆਏ ਭੂਚਾਲ ਸਮੇਤ ਕਦੇ ਵੀ ਕਿਸੇ ਵੱਡੀ ਕੁਦਰਤੀ ਜਾਂ ਗੈਰ ਕੁਦਰਤੀ ਆਫ਼ਤ- ਘਟਨਾ ਵਾਪਰਨ ਦੀ ਅਗਾਂਊ ਭਵਿਖਬਾਣੀ ਨਹੀਂ ਕੀਤੀ ਜੋਕਿ ਜੋਤਿਸ਼ ਦੇ ਖੋਖਲੇਪਣ ਹੋਣ ਦਾ ਸਪੱਸ਼ਟ ਸਬੂਤ ਹੈ।
ਆਗੂਆਂ ਸਪੱਸ਼ਟ ਕੀਤਾ ਕਿ ਮੌਜੂਦਾ ਹੜ੍ਹਾਂ ਨਾਲ ਹੋਈ ਤਬਾਹੀ ਕੋਈ ਕੁਦਰਤੀ ਕਰੋਪੀ ਨਾ ਹੋ ਕੇ ਮੌਜੂਦਾ ਸਾਮਰਾਜ ਪੱਖੀ ਹਕੂਮਤਾਂ ਦੀਆਂ ਕੁਦਰਤੀ ਵਾਤਾਵਰਣ ਵਿਰੋਧੀ, ਕਾਰਪੋਰੇਟ ਪੱਖੀ ਅਤੇ ਲੋਕ ਉਜਾੜੂ ਨੀਤੀਆਂ ਦੇ ਇਲਾਵਾ ਹੜ੍ਹਾਂ ਦੀ ਅਗਾਂਊ ਰੋਕਥਾਮ ਵਿੱਚ ਵਿਖਾਈ ਘੋਰ ਲਾਪਰਵਾਹੀ ਦਾ ਨਤੀਜਾ ਹੈ ਜਿਸ ਲਈ ਪੰਜਾਬ ਅਤੇ ਕੇਂਦਰ ਸਰਕਾਰਾਂ ਵੱਲੋਂ ਪੀੜ੍ਹਤ ਪਰਿਵਾਰਾਂ ਨੂੰ ਤੁਰੰਤ ਮਨੁੱਖੀ ਮਦਦ ਅਤੇ ਯੋਗ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

## ਟਿੱਲਾ ਬਾਬਾ ਫਰੀਦ ਵਿਖੇ ਬਾਬਾ ਫ਼ਰੀਦ ਬਲੱਡ ਸੇਵਾ ਸੁਸਾਇਟੀ ਵੱਲੋਂ ਆਗਮਨ-ਪੁਰਬ ਨੂੰ ਸਮਰਪਿਤ ਖ਼ੂਨਦਾਨ ਕੈਂਪ ਆਯੋਜਿਤ




ਕੋਟਕਪੂਰਾ, 13 ਸਤੰਬਰ : ਬਾਬਾ ਸ਼ੇਖ਼ ਫ਼ਰੀਦ ਜੀ ਨੂੰ ਸਮਰਪਿਤ 'ਆਗਮਨ-ਪੁਰਬ 2025' ਨੂੰ ਮੁੱਖ ਰੱਖਦਿਆਂ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਇੱਕ ਵਿਸ਼ਾਲ ਖ਼ੂਨ ਦਾਨ ਕੈਂਪ ਲਗਾਇਆ ਗਿਆ। ਬਾਬਾ ਫ਼ਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਨੇ ਇਸ ਕੈਂਪ ਦਾ ਉਦਘਾਟਨ ਕੀਤਾ ਤੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਭ ਨੂੰ ਵੱਧ ਚੜ੍ਹ ਕੇ ਇਸ ਖੂਨਦਾਨ ਦੇ ਕੈਂਪ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਕਿਸੇ ਜ਼ਰੂਰਤਮੰਦ ਦੀ ਮਦਦ ਕੀਤੀ ਜਾ ਸਕੇ। ਬਾਬਾ ਫਰੀਦ ਬਲੱਡ ਸੇਵਾ ਸੁਸਾਇਟੀ ਦੇ ਮੈਂਬਰਾਂ ਨੇ ਵੀ ਸਾਰੇ ਸ਼ਹਿਰ ਵਾਸੀਆਂ ਨੂੰ ਇਸ ਨੇਕ ਕੰਮ ਲਈ ਪ੍ਰੇਰਿਤ ਕੀਤਾ ਤੇ ਨਾਲ ਹੀ ਕਿਹਾ ਕਿ ਹਰ ਸਾਲ ਦੀ ਇਹ ਕੈਂਪ ਲਗਾਇਆ ਜਾਂਦਾ ਹੈ ਅਤੇ ਫ਼ਰੀਦਕੋਟ ਦੇ ਨਾਲ- ਨਾਲ ਇਹ ਕੈਂਪ ਪੰਜਾਬ ਦੇ ਹੋਰ ਵੀ ਸ਼ਹਿਰਾਂ ਵਿੱਚ ਲਗਾਇਆਂ ਜਾਂਦਾ ਹੈ। ਇਸ ਮੌਕੇ ਬਾਬਾ ਫਰੀਦ ਸੰਸਥਾਵਾਂ ਦੇ ਮੈਬਰ ਸ. ਦੀਪਇੰਦਰ ਸਿੰਘ ਸੇਖੋਂ ਅਤੇ ਡਾ. ਗੁਰਇੰਦਰ ਮੋਹਨ ਸਿੰਘ ਜੀ ਦੇ ਨਾਲ-ਨਾਲ ਬਾਬਾ ਫਰੀਦ ਬਲੱਡ ਸੇਵਾ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ, ਮੀਤ ਪ੍ਰਧਾਨ ਗੁਰਦੇਵ ਸਿੰਘ, ਸਕੱਤਰ ਸੁਖਵੀਰ ਸਿੰਘ ਰੱਤੀ ਰੌੜੀ, ਸਲਾਹਾਕਾਰ ਗੁਰਸੇਵਕ ਸਿੰਘ ਥਾੜ੍ਹਾ, ਸ. ਸਤਨਾਮ ਸਿੰਘ ਖਜਾਨਚੀ, ਪ੍ਰੈਸ ਸਕੱਤਰ ਵਿਸ਼ਾਲ, ਸਾਬਕਾ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਸਰਕਾਰੀ ਬ੍ਰਜਿੰਦਰਾ ਕਾਲਜ, ਪ੍ਰਫੈਸਰ ਭੁਪਿੰਦਰ ਸਿੰਘ, ਸਤਨਾਮ, ਔਸ਼ਕ ਭਟਨਾਗਰ, ਡਾ. ਦਲਜੀਤ ਸਿੰਘ ਡੱਲੇਵਾਲ, ਮਨੇਜਰ ਜੱਸੀ ਥਾੜ੍ਹਾ, ਸ. ਅਮਨ ਨਵਾਂ ਕਿਲ੍ਹਾਂ, ਸ. ਜਸਕਰਨ ਫਿੰਡੇ, ਸਾਗਰ, ਬਿੱਲਾ, ਪਾਲਾ ਰੋਮਾਣਾ, ਸੀਨੀਅਰ ਸਲਾਹਾਕਾਰ ਕਾਕਾ ਖ਼ਾਰਾ, ਡਾ. ਭਲਿੰਦਰ ਸਿੰਘ, ਸਟੋਕ ਮਨੇਜਰ ਸਵਰਾਜ ਸਿੰਘ, ਅਰਸ਼ ਕੋਠੇ ਧਾਲੀਵਾਲ, ਮਨਪ੍ਰੀਤ ਸੰਧੂ, ਵਿੱਕੀ ਗਿੱਲ, ਕਾਕਾ ਘੁਗਿਆਣਾ, ਜੈ ਦੀਪ, ਸੁਖਚੈਨ ਕਾਬਲਵਾਲਾ, ਹਰਜੀਤ ਮਾਸਟਰ ਢਿੱਮਾਵਾਲੀ, ਹਰਪ੍ਰੀਤ ਢਿਲਵਾ, ਸਾਹਿਲ, ਕਾਕਾ ਘੁਗਿਆਣਾ, ਕਾਲਾ ਡੋਡ, ਗੁਰਨੂਰ ਸਿੰਘ, ਅਰਮਾਨ ਸਿੰਘ, ਕਰਨ ਸਿੰਘ, ਗੁਰਦੋਰ ਦਾਨਾ ਰੋਮਾਣਾ, ਕੁਲਵੰਤ ਸਿੰਘ, ਹਰਮਨ, ਔਲਖ, ਹੈਰੀ, ਆਕਾਸ਼ਦੀਪ, ਬਿੰਦਰ ਮਿਸ਼ਰੀ ਵਾਲਾ, ਤਜਿੰਦਰ ਸੁੱਖਣਵਾਲਾ, ਅਰਸ਼ ਗੋਲੇਵਾਲਾ ਪਾਰਸ, ਮਿਤੀ, ਸੁੱਖਾ ਮਨਤਾਰ, ਸਰਕਾਰੀ ਬਲੱਡ ਬੈਂਕ ਮੈਡੀਕਲ, ਫਰੀਦਕੋਟ, ਸਰਕਾਰੀ ਬਲੱਡ ਬੈਂਕ ਸਿਵਲ, ਸਰਕਾਰੀ ਬਲੱਡ ਬੈਂਕ ਸ੍ਰੀ ਮੁਕਤਸਰ ਸਾਹਿਬ ਆਦਿ ਵੀ ਸ਼ਾਮਿਲ ਸਨ। ਅੰਤ ਵਿੱਚ ਬਾਬਾ ਫਰੀਦ ਬਲੱਡ ਬੈਂਕ ਦੇ ਮੈਂਬਰਾਂ ਵੱਲੋਂ ਸ. ਸਿਮਰਜੀਤ ਸਿੰਘ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਨੇ ਕਿਹਾ ਕਿ ਉਹ ਹਮੇਸ਼ਾ ਹੀ ਇਸ ਨੇਕ ਕੰਮ ਵਿੱਚ ਆਪਣਾ ਪੂਰਾ ਯੋਗਦਾਨ ਪਾਉਂਦੇ ਹਨ ਤੇ ਨਾਲ ਹੀ ਉਹਨਾਂ ਨੇ ਦੱਸਿਆਂ ਕਿ ਅੱਜ ਦੇ ਇਸ ਕੈਂਪ ਮੌਕੇ ਕੁੱਲ 405 ਯੂਨਿਟ ਬਲੱਡ ਦੇ ਇੱਕਠੇ ਕੀਤੇ ਗਏ ਹਨ। ਬਾਬਾ ਫਰੀਦ ਧਾਰਮਿਕ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋ ਜੀ ਨੇ ਇਸ ਮੌਕੇ ਸਮੂਹ ਖੂਨ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਆਪਣਾ ਆਸ਼ੀਰਵਾਦ ਦਿੱਤਾ ਅਤੇ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈ। ਸਾਡਾ ਦਿੱਤਾ ਹੋਇਆ ਖੂਨ ਕਿਸੇ ਲੋੜਵੰਦ ਮਰੀਜ ਦੀ ਜਿੰਦਗੀ ਬਚਾ ਸਕਦਾ ਹੈ। ਉਨ੍ਹਾਂ ਦੁਆ ਕੀਤੀ ਕਿ ਬਾਬਾ ਫਰੀਦ ਜੀ ਸਦਾ ਮਿਹਰ ਭਰਿਆ ਹੱਥ ਸਭ ਦੇ ਸਿਰ ਉੱਤੇ ਰੱਖਣ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਪੰਜ ਗਰਾਈ ਕਲਾਂ ਦੀ ਮੀਟਿੰਗ ਹੋਈ ਹੋਈ,

### ਪੰਜਾਬ ਵਿੱਚ ਆਏ ਹੜਾਂ ਤੋਂ ਪ੍ਰਭਾਵਿਤ ਬਸਿੰਦਿਆਂ ਲਈ ਸ਼ੁਭਕਾਮਨਾ ਦੀ ਅਰਦਾਸ ਕੀਤੀ ਗਈ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫਰੀਦਕੋਟ 13 ਸਤੰਬਰ : ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿਸਟਰਡ 295 ਬਲਾਕ ਪੰਜਗਰਾਈਂ ਕਲਾਂ ਦੀ ਮੀਟਿੰਗ ਸੰਧੂ ਪੱਤੀ ਪੰਜ ਗਰਾਈ ਕਲਾਂ ਵਿਖੇ ਡਾਕਟਰ ਮੰਦਰ ਸਿੰਘ ਸੰਘਾ ਦੀ ਪ੍ਰਧਾਨਗੀ ਹੇਠ ਹੋਈ, ਇਸ ਮੀਟਿੰਗ ਵਿੱਚ ਵੱਖ ਵੱਖ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ ਗਈ ਸਭ ਤੋਂ ਪਹਿਲਾਂ ਪੰਜਾਬ ਦੇ ਜਿੰਨਾ ਹਿੱਸਿਆਂ ਵਿੱਚ ਹੜ ਆਏ ਹਨ ਉਥੋਂ ਦੇ ਰਹਿਣ ਵਾਲੇ ਬਸਿੰਦਿਆਂ ਲਈ ਸ਼ੁਭਕਾਮਨਾ ਦੀ ਅਰਦਾਸ ਕੀਤੀ ਗਈ, ਮੀਟਿੰਗ ਵਿੱਚ ਮੈਂਬਰਾਂ ਨੂੰ ਸਾਫ ਸੁਥਰੇ ਪ੍ਰੈਕਟਿਸ ਕਰ ਲਏ ਪ੍ਰੇਰਿਆ ਤੇ ਸਮਾਜ ਸਮੇਜੀ ਕੰਮ ਕਰਨ ਲਈ ਵੀ ਪ੍ਰੇਰਿਤ ਕੀਤਾ. ਅੱਜ ਦੀ ਮੀਟਿੰਗ ਵਿੱਚ ਨਵੇਂ ਮੈਂਬਰਾਂ ਨੂੰ ਆਈ ਕਾਰਡ ਅਤੇ ਪ੍ਰਮਾਣ ਪੱਤਰ ਜਾਰੀ ਕੀਤੇ ਗਏ. ਮੀਟਿੰਗ ਵਿੱਚ ਜਿਲਾ ਜਰਨਲ ਸੈਕਟਰੀ ਸਰਾਜ ਖਾਨ ਜਿਲਾ ਡੈਲੀਗੇਟ ਰਾਜ ਸਿੰਘ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਜਸਵਿੰਦਰ ਸਿੰਘ ਬਲਾਕ ਦੇ ਖਜਾਨਚੀ ਜੀਤ ਸਿੰਘ ਬਲਾਕ ਦੇ ਜਰਨਲ ਸੈਕਟਰੀ ਡਾਕਟਰ ਲਖਵਿੰਦਰ ਸਿੰਘ ਮੀਟਿੰਗ ਵਿੱਚ ਸ਼ਾਮਿਲ ਹੋਏ ਡਾਕਟਰ ਸੁਖਵਿੰਦਰ ਸਿੰਘ ਔਲਖ ਡਾਕਟਰ ਲਵਪ੍ਰੀਤ ਜੀਵਨ ਵਾਲਾ ਬਲਵਿੰਦਰ ਸਿੰਘ ਬਿੱਲੂ ਡਾਕਟਰ ਜਗਸੀਰ ਮੁਹੰਮਦ ਡਾਕਟਰ ਗੁਰਦੇਵ ਸਿੰਘ ਡਾਕਟਰ ਸਰੂਪ ਸਿੰਘ ਕੈਥ ਗੁਰਜੰਟ ਸਿੰਘ ਸਿਰਸੜੀ ਡਾਕਟਰ ਗੁਰਾਂ ਦਿੱਤਾ , ਡਾਕਟਰ ਰਾਮਪ੍ਰੀਤ ਔਲਖ ਡਾਕਟਰ ਬਲਵੀਰ ਕੌਰ ਕੋਟ ਸੁਖੀਆ ਡਾਕਟਰ ਰਮਨਦੀਪ ਕੌਰ ਡਾਕਟਰ ਰਾਮ ਪ੍ਰੀਤਮ ਡਾਕਟਰ ਸਾਰਜੰਟ ਸਿੰਘ ਆਦਿ ਮੈਂਬਰ ਸ਼ਾਮਿਲ ਹੋਏ.

## ਮੋਹਰੀ ਸੂਬਾ

ਮਹਿੰਦਰ ਸਿੰਘ ਮਾਨ

ਹੜ੍ਹ ਦੇ ਪਾਣੀ ਨੇ ਕਰ ਦਿੱਤੀਆਂ ਫ਼ਸਲਾਂ ਤਬਾਹ ਨੇ,
ਘਰਾਂ ਨੂੰ ਜਾਣ ਵਾਲੇ ਸਭ ਟੁੱਟ ਗਏ ਰਾਹ ਨੇ।

ਪਸ਼ੂ ਤੇ ਬੰਦੇ ਪਾਣੀ ਦੇ ਵਿੱਚ ਰੁੜ੍ਹੀ ਜਾਂਦੇ ਨੇ,
ਮੋਟਰ ਸਾਈਕਲ ਤੇ ਸਕੂਟਰ ਆਪੇ ਖੜ੍ਹੀ ਜਾਂਦੇ ਨੇ।

ਜਿਨ੍ਹਾਂ ਦੀਆਂ ਫ਼ਸਲਾਂ, ਪਸ਼ੂ ਤੇ ਘਰ ਰਹੇ ਨਾ,
ਉਨ੍ਹਾਂ ਨੂੰ ਕਿਸੇ ਨੇ ਪੈਸੇ ਦੇਣੇ ਉਧਾਰੇ ਨਾ।

ਮਾੜੀ ਨੀਅਤ ਵਾਲੇ ਨੇਤਾ ਬਹਿਸ ਕਰੀ ਜਾਂਦੇ ਨੇ,
ਗੱਲੀਂ ਬਾਤੀਂ ਲੋਕਾਂ ਨੂੰ ਸਭ ਕੁਝ ਦਈ ਜਾਂਦੇ ਨੇ।

ਰੱਬ ਤੱਕ ਵੀ ਕਿਸੇ ਦੀ ਪੁੱਜੀ ਅਰਦਾਸ ਨਾ,
ਹੜ੍ਹ ਦੇ ਪਾਣੀ ਨੇ ਕਿਸੇ ਦੀ ਕੀਤੀ ਪ੍ਰਵਾਹ ਨਾ।

ਹੜ੍ਹ ਪੀੜਤ ਆਪਣੇ ਪੈਰਾਂ ਤੇ ਖੜ੍ਹੇ ਕਿਵੇਂ ਹੋਣਗੇ ?
ਢੇਰੀ ਹੋਏ ਘਰਾਂ 'ਚ ਉਨ੍ਹਾਂ ਦੇ ਵਾਸੇ ਕਿਵੇਂ ਹੋਣਗੇ?

ਗੁਰੂ ਨਾਨਕ ਦੇ ਜਿਹੜੇ ਸੱਚੇ ਪੈਰੋਕਾਰ ਨੇ,
ਉਹ ਉਨ੍ਹਾਂ ਲਈ ਸਭ ਕੁਝ ਕਰਨ ਨੂੰ ਤਿਆਰ ਨੇ।

ਸਮਾਂ ਪੈ ਕੇ 'ਮਾਨ' ਸਭ ਕੁਝ ਠੀਕ ਹੋ ਜਾਣਾ ਏਂ,
ਉਜੜੇ ਪੰਜਾਬ ਨੇ ਫਿਰ ਮੋਹਰੀ ਸੂਬਾ ਬਣ ਜਾਣਾ ਏਂ।

## ਭਰਾਵਾਂ ਦੀ ਸਾਂਝ ਨੂੰ ਮਜ਼ਬੂਤ ਕਰਦੀ ਫ਼ਿਲਮ ਮਾਂ ਜਾਏ

ਰਜਵਿੰਦਰ ਪਾਲ ਸ਼ਰਮਾ




ਪਰਿਵਾਰ ਬੱਚੇ ਦਾ ਪਹਿਲਾ ਸਕੂਲ ਅਤੇ ਮਾਂ ਬੱਚੇ ਦੀ ਪਹਿਲੀ ਅਧਿਆਪਕ ਹੁੰਦੀ ਹੈ। ਤੋਤਲੀ ਜੁਬਾਨ ਰਾਹੀਂ ਬੋਲਿਆ ਗਿਆ ਪਹਿਲਾਂ ਸ਼ਬਦ ਵੀ ਮਾਂ ਹੁੰਦਾ ਹੈ। ਮਾਂ ਨਾਲ ਬੱਚੇ ਦਾ ਰਿਸ਼ਤਾ ਕਿੰਨਾ ਗੂੜ੍ਹਾ ਅਤੇ ਗਹਿਰਾ ਹੈ ਇਸਦਾ ਅੰਦਾਜ਼ਾ ਸਾਡੇ ਸੱਭਿਆਚਾਰ ਵਿੱਚ ਬਾਖੂਬੀ ਨਜ਼ਰ ਆਉਂਦਾ ਹੈ। ਲੋਕ ਗੀਤਾਂ ਵਿੱਚ ਮਾਂ ਨੂੰ ਠੰਡੀ ਛਾਂ ਅਤੇ ਮਾਂ ਨੂੰ ਸਾਰਿਆਂ ਰਿਸ਼ਤਿਆਂ ਤੋਂ ਉੱਤਮ ਰੱਖ ਕੇ ਰੱਬ ਦਾ ਦਰਜਾ ਦੇ ਕੇ ਵਡਿਆਇਆ ਗਿਆ। ਇੱਕ ਮਾਂ ਦੀ ਕੁੱਖੋਂ ਜਨਮ ਲੈਣ ਵਾਲੇ ਕਿੰਨੇ ਵੀ ਲੜਨ ਝਗੜਨ ਪਰ ਉਹਨਾਂ ਵਿੱਚ ਮੋਹ ਦਾ ਇੱਕ ਅਜਿਹਾ ਰਿਸ਼ਤਾ ਬਣਿਆ ਹੁੰਦਾ ਹੈ ਜ਼ੋ ਉਹਨਾਂ ਨੂੰ ਹਮੇਸ਼ਾ ਆਪਣੇਪਣ ਦਾ ਅਹਿਸਾਸ ਕਰਵਾਉਂਦਾ ਰਹਿੰਦਾ ਹੈ। ਆਪਣਿਆਂ ਤੋਂ ਦੂਰ ਹੋ ਕੇ ਉਹਨਾਂ ਦੀ ਕ਼ੀਮਤ ਪਤਾ ਚੱਲਣ ਦੇ ਨਾਲ ਨਾਲ ਉਹਨਾਂ ਨੂੰ ਮਿਲ਼ਣ ਲਈ ਤਾਂਘ ਹਮੇਸ਼ਾ ਬਣੀ ਰਹਿੰਦੀ ਹੈ।ਭਰਾ, ਭਰਾਵਾਂ ਦੀਆਂ ਬਾਹਾਂ ਹੁੰਦੀਆਂ ਹਨ ਅਤੇ ਵੀਰਾਂ ਨਾਲ ਹੀ ਸਰਦਾਰੀ ਕਾਇਮ ਰਹਿੰਦੀ ਹੈ। ਔਖ਼ੇ ਵੇਲੇ ਭਰਾ ਹੀ ਭਰਾ ਦਾ ਸਹਾਰਾ ਬਣਦੇ ਹਨ। ਭਰਾਵਾਂ ਦੀ ਸਾਂਝ ਅਤੇ ਉਹਨਾਂ ਵਿਚਕਾਰ ਬਣੇ ਪਿਆਰ ਦੇ ਰਿਸ਼ਤੇ ਅਤੇ ਸਮੇਂ ਦੇ ਨਾਲ ਉਹਨਾਂ ਵਿੱਚ ਆ ਰਹੇ ਟਕਰਾਅ ਨੂੰ ਪੇਸ਼ ਕਰਦੀ ਹੈ ਫ਼ਿਲਮ ਮਾਂ ਜਾਏ ਜੋ ਕਿ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋ ਚੁੱਕੀ ਹੈ।

ਅਨਿਲ ਵਿਜ,ਜਿੰਮੀ ਸ਼ੇਰਗਿੱਲ, ਯੋਗਰਾਜ ਸਿੰਘ, ਅਨੀਤਾ ਮੀਤ ਅਤੇ ਰਹਿਮਤ ਰਤਨ ਦੀ ਅਦਾਕਾਰੀ ਨਾਲ ਭਰਪੂਰ ਫ਼ਿਲਮ ਮਾਂ ਜਾਏ ਨੂੰ ਇੰਦਰਪਾਲ ਦੁਆਰਾ ਲਿਖਿਆ,ਨਵਨਾਇਤ ਸਿੰਘ ਦੁਆਰਾ ਡਾਇਰੈਕਟ,ਡਾ ਅਮਰਜੀਤ ਸਿੰਘ ਦੁਆਰਾ ਪਰੋਡਿਊਜ ਕਰਕੇ ਦੇਸੀ ਮੈਲੌਡੀਜ ਦੇ ਬੈਨਰ ਹੇਠ ਪੇਸ਼ ਕੀਤਾ ਗਿਆ ਹੈ। ਪੰਜਾਬੀ ਦੇ ਨਾਲ ਨਾਲ ਹਿੰਦੀ ਫ਼ਿਲਮਾਂ ਵਿੱਚ ਵੀ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਉਣ ਵਾਲੇ ਜਿੰਮੀ ਸ਼ੇਰਗਿੱਲ ਅਤੇ ਮਾਨਵ ਵਿੱਜ ਨੇ ਬੀ ਬੀ ਸੀ ਇੰਟਰਵਿਊ ਦੌਰਾਨ ਦੱਸਿਆ ਕਿ ਪੰਜਾਬ ਵਿੱਚ ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਹਨ ਜ਼ੋ ਹਕੀਕਤ ਵਿੱਚ ਵਾਪਰੀਆਂ। ਪੰਜਾਬ ਨੇ ਸੰਤਾਲੀ ,1966 ਦੀ ਪੰਜਾਬ ਵੰਡ ਅਤੇ ਉੱਨੀ ਸੌ ਚੁਰਾਸੀ ਜਿਹੇ ਹਾਲਾਤ ਹਢਾਏ। ਪੰਜਾਬ ਦੀ ਕਹਾਣੀਆਂ ਅਤੇ ਸੱਭਿਆਚਾਰ ਨੂੰ ਹੁਣ ਪੂਰੀ ਦੁਨੀਆਂ ਨੂੰ ਦਿਖਾਉਣ ਦਾ ਸਮਾਂ ਆ ਗਿਆ ਹੈ। ਆਪਣੀ ਗੱਲ ਨੂੰ ਅੱਗੇ ਤੋਰਦਿਆਂ ਜਿੰਮੀ ਸ਼ੇਰਗਿੱਲ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਪੰਜਾਬੀ ਸਿਨੇਮਾ ਵਿੱਚ ਕੁੱਝ ਵੱਖਰਾ ਕਰਨਾ ਸੋਚਦੇ ਸਨ ਅਤੇ ਫ਼ਿਲਮ ਮਾਂ ਜਾਏ ਕੁੱਝ ਵੱਖਰਾ ਕਰਨ ਦੀ ਸ਼ੁਰੂਆਤ ਹੈ।

ਫ਼ਿਲਮ ਦੇ ਟ੍ਰੇਲਰ ਅਤੇ ਗੀਤਾਂ ਨੂੰ ਦਰਸ਼ਕਾਂ ਵੱਲੋਂ ਪੂਰਾ ਪਿਆਰ ਮਿਲ ਰਿਹਾ ਹੈ।ਫ਼ਿਲਮ ਦੇ ਚਾਰੋਂ ਗੀਤਾਂ ਜਿਨ੍ਹਾਂ ਨੂੰ ਸੁਨਿਧੀ ਚੌਹਾਨ, ਹਿੰਮਤ ਸੰਧੂ, ਨਵੀਂ ਸਰਨ, ਰਣਜੀਤ ਬਾਵਾ,ਰੋਮੀ ਮਾਨ ਅਤੇ ਦਵਿੰਦਰ ਪਾਲ ਸਿੰਘ ਨੇ ਆਵਾਜ਼ ਦਿੱਤੀ ਹੈ ਜਿਸ ਵਿੱਚ ਤੇਰੇ ਇਸ਼ਕ ਵਿੱਚ,ਟਾਈਟਲ ਗੀਤ, ਵੀਰਾਂ ਨਾਲ ਸਰਦਾਰੀ ਅਤੇ ਐਤੀ ਮਾਰ ਪਏ ਕੁਰਲਾਨੇ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਜਾ ਰਿਹਾ ਹੈ।ਪਿਆਰ,ਕਾਮੇਡੀ, ਐਕਸ਼ਨ ਤੋਂ ਬਾਅਦ ਪੌਲੀਵੁੱਡ ਸਿਨੇਮਾ ਵੀ ਲਗਾਤਾਰ ਸਮਾਜ਼, ਪਰਿਵਾਰ ਅਤੇ ਜ਼ਿੰਦਗੀ ਦੀ ਤਲਖ਼ ਹਕੀਕਤਾਂ ਨੂੰ ਬਿਆਨ ਕਰਕੇ ਜ਼ਿੰਦਗੀ ਨੂੰ ਸੇਧ ਦੇਣ ਵਾਲੀਆਂ ਫ਼ਿਲਮਾਂ ਦੇ ਰਿਹਾ ਹੈ ਜੋ ਅਸ਼ਲੀਲਤਾ ਤੋਂ ਕੋਹਾਂ ਦੂਰ ਅਤੇ ਜਿਨ੍ਹਾਂ ਪਰਿਵਾਰ ਵਿੱਚ ਬੈਠ ਕੇ ਦੇਖਿਆ ਜਾ ਸਕਦਾ ਹੈ। ਨੌਜਵਾਨ ਪੀੜ੍ਹੀ ਜ਼ੋ ਸ਼ੋਸ਼ਲ ਮੀਡੀਏ ਅਤੇ ਪੈਸੇ ਦੀ ਦੌੜ ਵਿੱਚ ਰਿਸ਼ਤਿਆਂ ਨੂੰ ਵਿਸਾਰ ਰਹੀ ਹੈ ਉਹਨਾਂ ਨੂੰ ਆਪਣਿਆਂ ਦੀ ਕੀਮਤ ਸਮਝਾਉਣ ਵਿੱਚ ਫ਼ਿਲਮ ਮਾਂ ਜਾਏ ਅਹਿਮ ਭੂਮਿਕਾ ਨਿਭਾਵੇਗੀ।

## ਰਾਹਤ

ਪ੍ਰੋ. ਨਵ ਸੰਗੀਤ ਸਿੰਘ

ਹੜ੍ਹ ਦੇ ਪਾਣੀ ਨਾਲ ਹੈ ਆਈ, ਕਿੰਨੀ ਵੱਡੀ ਆਫ਼ਤ।

ਇਸ ਆਫ਼ਤ ਤੋਂ ਰੱਬ ਹੀ ਜਾਣੇ, ਕਦੋਂ ਮਿਲੇਗੀ ਰਾਹਤ।

ਡਿੱਗੇ ਘਰ ਤੇ ਫ਼ਸਲਾਂ ਰੁੜ੍ਹੀਆਂ, ਖੌਰੇ ਕੀ ਕੁਝ ਹੋਣਾ।

ਸਾਡੀ ਤਾਂ ਕਿਸਮਤ ਵਿੱਚ ਲਿਖਿਆ, ਜੀਵਨ ਭਰ ਦਾ ਰੋਣਾ।

ਕੋਈ ਵੀ ਟੱਬਰ ਨਾ ਦਿੱਸਦਾ, ਜਿਹੜਾ ਬਚਿਆ ਸਾਬਤ।

ਮਾਰ ਪਈ ਹੈ ਐਸੀ, ਸਭ ਕੁਝ ਤਹਿਸ਼-ਨਹਿਸ਼ ਹੈ ਹੋਇਆ।

ਕਈ ਥਾਂਈਂ ਦਸ ਫੁੱਟ ਪਾਣੀ ਨੇ, ਘਰਾਂ ਨੂੰ ਆਣ ਡੁਬੋਇਆ।

ਕੁੱਲ ਪੰਜਾਬ ਦੁਖਾਂ ਵਿੱਚ ਫਸਿਆ, ਦੱਸੀਏ ਕੀਹਦੇ ਬਾਬਤ।

ਦਾਣਾ-ਪੱਠਾ ਰੁੜ੍ਹ ਗਿਆ ਸਾਰਾ, ਪਸ਼ੂ ਨਾ ਬਚਿਆ ਕੋਈ।

ਹਾਹਾਕਾਰ ਮੱਚੀ ਚਹੁੰ ਪਾਸੀਂ, ਕੌਣ ਸੁਣੇ ਅਰਜ਼ੋਈ।

ਤੀਲਾ-ਤੀਲਾ ਜੋੜ ਬਣਾਇਆ, ਲੱਗੀ ਬੜੀ ਸੀ ਲਾਗਤ।

ਵਿੱਚ ਬਿਪਤਾ ਦੇ ਵੇਖ ਲੋਕਾਂ ਨੂੰ, ਕਈਆਂ ਮਦਦ ਕੀਤੀ।

ਵੰਡਣ ਸਾਮੱਗਰੀ ਭਾਵੁਕ ਹੋ ਕੇ, ਜੋ ਸਾਡੇ ਤੇ ਬੀਤੀ।

ਭਾਈਚਾਰਕ ਸਾਂਝ ਦੀ ਇਸਤੋਂ, ਵੱਡੀ ਨਹੀਂ ਸ਼ਨਾਖ਼ਤ।

ਮਾਣ ਨਾ ਕਰੀਏ ਧਨ-ਦੌਲਤ ਤੇ, ਵਿੱਚ ਹਲੀਮੀ ਰਹੀਏ।

ਵੰਡੀਏ ਖੇੜੇ-ਖੁਸ਼ੀਆਂ ਹਰ ਥਾਂ, ਮੰਦੇ ਬੋਲ ਨਾ ਕਹੀਏ।


ਆਕੜ, ਧੌਂਸ ਤੇ ਖ਼ੁਦਗਰਜ਼ੀ ਦੀ, ਛੱਡੀਏ ਆਪਣੀ ਆਦਤ।

ਰੱਬ ਦੇ ਅੱਗੇ ਜ਼ੋਰ ਨਾ ਚੱਲੇ, ਕਰਦਾ ਆਪਣੀ ਮਰਜ਼ੀ।

ਉਹਦੀ ਦਰਗਾਹ ਵਿੱਚ ਨਾ ਪੁੱਜੇ, ਨਾ ਚਿੱਠੀ ਨਾ ਅਰਜ਼ੀ।

ਜਦ ਬੰਦਾ ਮਨ-ਆਈਆਂ ਕਰਦਾ, ਰੱਬ ਵਿਖਾਵੇ ਤਾਕਤ।

## ਤੇਰੀ ਜ਼ੁਬਾਨ ਪੰਜਾਬੀ"



ਡਾ ਜਸਵੀਰ ਸਿੰਘ ਗਰੇਵਾਲ

ਤੇਰੀ ਜ਼ੁਬਾਨ ਪੰਜਾਬੀ
ਤੇਰੀ ਪਹਿਚਾਣ ਪੰਜਾਬੀ
ਕਿਉਂ ਬੋਲਣ ਤੋਂ ਸ਼ਰਮਾਉਂਦਾ ਏ।
ਮਾਂ ਬੋਲੀ ਨੂੰ ਛੱਡ ਕੇ ਹੈਪੀ
ਅੰਗਰੇਜ਼ੀ ਨੂੰ ਮੂੰਹ ਲਾਉਂਦਾ ਏ।
ਆਪਣੇ ਦਿਲ ਤੇ ਹੱਥ ਧਰਕੇ
ਫਰਜ਼ ਨੂੰ ਯਾਦ ਕਰੀਂ ਤੂੰ
ਕਿਉਂ ਮਨ ਉਲਝਣ ਚ ਪਾਉਂਦਾ ਏ।
ਪੰਜਾਬੀ ਏ ਪੰਜਾਬੀ ਬੋਲ
ਦਿਲ ਦੀਆਂ ਰਮਜ਼ਾਂ ਖੋਲ
ਮਾਂ ਦਾ ਕਰਜ਼ ਉਤਾਰ
ਕਿਉਂ ਉਸਨੂੰ ਯਾਰਾ ਤੜਫਾਉਂਦਾ ਏ।
ਅੰਦਰ ਝਾਤੀ ਮਾਰ ਆਪਣੇ
"ਗਰੇਵਾਲ" ਪੰਜਾਬੀ ਤੇਰੇ ਅੰਦਰ
ਤੇਰੇ ਮਨ ਦੀ ਖੁਰਾਕ ਵੀ ਹੈ
ਪਰ ਦਸ ਮਨਾਂ ਤੂੰ ਕੀ ਚਾਹੁੰਦਾ ਏ।
ਤੇਰੀ ਜ਼ੁਬਾਨ ਪੰਜਾਬੀ
ਤੇਰੀ ਪਹਿਚਾਣ ਪੰਜਾਬੀ
ਕਿਉਂ ਬੋਲਣ ਤੋਂ ਸ਼ਰਮਾਉਂਦਾ ਏ।

## " ਆਉ ਨੀ ਸਈਓ ਮਿਲ ਦਿਉ ਨੀ ਵਧਈ "



ਰਮਿੰਦਰ ਰੰਮੀ

ਆਉ ਨੀ ਸਈਓ
ਮਿਲ ਦਿਉ ਨੀ ਵਧਾਈ
ਅੱਜ ਦਿਨ ਸ਼ਗਨਾਂ ਦਾ
ਆਇਆ ਹੈ
ਦੂਰੋਂ ਨੇੜੋਂ ਸਕੇ – ਸੰਬੰਧੀਆਂ
ਤੇ ਦੋਸਤਾਂ ਨੇ ਆ ਝੁਰਮੁੱਟ ਪਾਇਆ ਹੈ
ਪਿਆਰੇ ਪੁੱਤ ਫਤਿਹਜੀਤ ਸਿੰਘ ਨੂੰ ਮਿਲ
ਸੱਭਨਾਂ ਨੇ ਵਟਣਾ ਲਾਇਆ ਹੈ
ਤੇ ਤੇਲ ਵੀ ਚੜ੍ਹਾਇਆ ਹੈ
ਰੱਲ-ਮਿਲ ਸੱਭਨੇ ਗੀਤ
ਸ਼ਗਨਾਂ ਦਾ ਗਾਇਆ ਹੈ ।

ਆਉ ਨੀ ਸਈਓ
ਮਿਲ ਦਿਉ ਨੀ ਵਧਾਈ
ਮਾਂ ਸੁਰਜੀਤ ਕੌਰ ਨੂੰ ਵਧਾਈ
ਪਿਤਾ ਪਿਆਰਾ ਸਿੰਘ ਕੁੱਦੋਵਾਲ ਨੂੰ ਵਧਾਈ
ਆਉ ਨੀ ਸਈਓ
ਮਿਲ ਦਿਉ ਨੀ ਵਧਾਈ ।

ਅੱਜ ਪੁੱਤ ਫਤਿਹਜੀਤ ਸਿੰਘ ਦੇ
ਮੱਥੇ ਸਿਹਰਾ ਸਜਾਇਆ ਹੈ
ਮਿਲ ਘੋੜੀ ਤੇ ਬਿਠਾਇਆ ਹੈ
ਸੱਭ ਨੇ ਮਿਲ ਨੱਚ ਨੱਚ ਕੇ
ਧਰਤੀ ਨੂੰ ਹਿਲਾਇਆ ਹੈ
ਭੰਗੜੇ ਵੀ ਖ਼ੂਬ ਪਾਏ ਨੇ
ਵਿਆਹ ਦੇ ਸੋਹਲੇ ਵੀ ਗਾਏ ਨੇ
ਮਾਂ ਸੁਰਜੀਤ ਕੌਰ ਤੇ ਭੰਗੜਾ ਕਿੰਗ
ਪਿਤਾ ਪਿਆਰਾ ਸਿੰਘ ਕੁੱਦੋਵਾਲ ਨੇ
ਰੱਜ ਰੱਜ ਭੰਗੜੇ ਪਾਏ ਨੇ
ਖ਼ੁਸ਼ੀ ਵਿਚ ਨੋਟ ਵੀ ਵਰ੍ਹਾਏ ਨੇ ।

ਆਉ ਨੀ ਸਈਓ
ਮਿਲ ਦਿਉ ਨੀ ਵਧਾਈ
ਮਾਂ ਸੁਰਜੀਤ ਕੌਰ ਨੂੰ ਵਧਾਈ
ਪਿਤਾ ਪਿਆਰਾ ਸਿੰਘ ਕੁੱਦੋਵਾਲ ਨੂੰ ਵਧਾਈ
ਆਉ ਨੀ ਸਈਓ
ਮਿਲ ਦਿਉ ਨੀ ਵਧਾਈ ।

ਫਤਿਹਜੀਤ ਸਿੰਘ ਆਣ ਨਵਰੀਤ ਜੌਹਲ
ਦੇ ਸਾਹਮਣੇ ਖਲੋਇਆ ਹੈ
ਦੋਹਾਂ ਨੇ ਮਿਲ ਜੈ ਮਾਲਾ ਪਾ
ਇਕ ਦੂਜੇ ਦੇ ਦਿਲਾਂ ਨੂੰ
ਪਿਆਰ ਨਾਲ ਸਜਾਇਆ ਹੈ
ਦੋਹਾਂ ਬੱਚਿਆਂ ਦੇ ਮਾਂਪਿਉ ਆਣ
ਦੋਹਾਂ ਨੂੰ ਲਾਵਾਂ ਤੇ ਬਿਠਾਇਆ ਹੈ
ਭਾਈ ਜੀ ਨੇ ਮਿੱਠੀ ਅਵਾਜ਼ ਵਿਚ
ਲਾਵਾਂ ਦੇ ਸ਼ਬਦ ਨੂੰ ਗਾਇਆ ਹੈ
ਆਖੀਰ ਇਹ ਸ਼ਬਦ ਪੜ੍ਹ
"ਵੀਆਹੁ ਹੋਆ ਮੇਰੇ ਬਾਬੁਲਾ
ਗੁਰਮੁਖੇ ਹਰਿ ਪਾਇਆ "
ਫਿਰ
"ਲਖ ਖੁਸੀਆ ਪਾਤਿਸਾਹੀਆ
ਜੇ ਸਤਿਗੁਰੁ ਨਦਰਿ ਕਰੇਇ "
ਸ਼ਬਦ ਪੜ੍ਹ ਭੋਗ ਪਾਇਆ ਹੈ ।
ਫਤਿਹਜੀਤ ਸਿੰਘ ਵਿਆਹ ਕੇ ਘਰ
ਨਵਰੀਤ ਜੌਹਲ ਨੂੰ ਲਿਆਇਆ ਹੈ
ਮਾਂ ਸੁਰਜੀਤ ਕੌਰ ਨੇ ਤੇਲ ਚੋ
ਪਿਆਰੀ ਧੀ ਰਾਣੀ ਨਵਰੀਤ ਜੌਹਲ ਨੂੰ
ਪਿਆਰ ਨਾਲ ਗਲੇ ਲਗਾ ਕੇ
ਘਰ ਅੰਦਰ ਲੰਘਾਇਆ ਹੈ ।

ਆਉ ਨੀ ਸਈਓ
ਮਿਲ ਦਿਉ ਨੀ ਵਧਾਈ
ਮਾਂ ਸੁਰਜੀਤ ਕੌਰ ਨੂੰ ਵਧਾਈ
ਪਿਤਾ ਪਿਆਰਾ ਸਿੰਘ ਕੁੱਦੋਵਾਲ ਨੂੰ ਵਧਾਈ
ਆਉ ਨੀ ਸਈਓ
ਮਿਲ ਦਿਉ ਨੀ ਵਧਾਈ ।

ਇਹ ਸੱਭ ਰਮਿੰਦਰ ਰੰਮੀ ਨੇ
ਖਿਆਲਾਂ ਵਿਚ ਸੰਜੋਆ ਹੈ
ਸੁਭਗ ਜੋੜੀ ਨੂੰ ਪਿਆਰ ਨਾਲ
ਗੱਲ ਲਾਇਆ ਹੈ
ਜੁੱਗ ਜੁੱਗ ਜੀਓ , ਸੁਖੀ ਵਸੋ
ਦੋਹਾਂ ਦਾ ਮੱਥਾ ਚੁੰਮ
ਅਸੀਸਾਂ ਦਾ ਮੀਂਹ ਵਰਸਾਇਆ ਹੈ ।

ਆਉ ਨੀ ਸਈਓ
ਮਿਲ ਦਿਉ ਨੀ ਵਧਾਈ
ਮਾਂ ਸੁਰਜੀਤ ਕੌਰ ਨੂੰ ਵਧਾਈ
ਪਿਤਾ ਪਿਆਰਾ ਸਿੰਘ ਕੁੱਦੋਵਾਲ ਨੂੰ ਵਧਾਈ
ਬੇਟਾ ਫਤਿਹਜੀਤ ਸਿੰਘ ਤੇ ਬੇਟੀ
ਨਵਰੀਤ ਜੌਹਲ ਨੂੰ ਵੀ ਵਧਾਈ
ਆਉ ਨੀ ਸਈਓ
ਮਿਲ ਦਿਉ ਨੀ ਵਧਾਈ ।
"ਵਧਾਈਆਂ ਵਧਾਈਆਂ ਗੁਰਸਿੱਖਾਂ ਮਨ ਵਧਾਈਆਂ "